ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ

# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਕੈਨੇਡੀਅਨ ਪ੍ਰਧਾਨ ਮੰਤਰੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ

ਜਸਟਿਨ ਟਰੂਡੋ ਨੇ ਦੱਸਿਆ ਕਿ ਉਨ੍ਹਾਂ ਦੀ ਪੀਐਮ ਮੋਦੀ ਨਾਲ ਸੰਖੇਪ ਗੱਲਬਾਤ ਹੋਈ। ਹਾਲਾਂਕਿ, ਕੈਨੇਡੀਅਨ ਪ੍ਰਧਾਨ ਮੰਤਰੀ ਨੇ ਗੱਲਬਾਤ ਬਾਰੇ ਹੋਰ ਵੇਰਵੇ ਨਹੀਂ ਦਿੱਤੇ ਪਰ ਕਿਹਾ ਕਿ ਪੀਐਮ ਮੋਦੀ ਨਾਲ 'ਅਸਲ ਮੁੱਦਿਆਂ' ਬਾਰੇ ਗੱਲਬਾਤ ਹੋਈ ਹੈ, ਜਿਨ੍ਹਾਂ ਨੂੰ 'ਸਾਨੂੰ ਹੱਲ ਕਰਨ ਦੀ ਲੋੜ ਹੈ।' ਲਾਓਸ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਮੁਲਾਕਾਤ ਹੋਈ ਹੈ। ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਲਾਓਸ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ 'ਸੰਖਿਪਤ ਗੱਲਬਾਤ' ਹੋਈ ਹੈ। ਟਰੂਡੋ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨਾਲ "ਅਸਲ ਮੁੱਦਿਆਂ" ਬਾਰੇ ਗੱਲ ਕੀਤੀ ਹੈ ਜਿਨ੍ਹਾਂ ਨੂੰ "ਹੱਲ ਕਰਨ ਦੀ ਲੋੜ ਹੈ। ਟਰੂਡੋ ਨੇ ਲਾਓਸ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਕਿਹਾ, "ਮੈਂ ਜ਼ੋਰ ਦਿੱਤਾ ਕਿ ਸਾਨੂੰ ਅਜੇ ਵੀ ਹੋਰ ਕੰਮ ਕਰਨ ਦੀ ਲੋੜ ਹੈ," ਟਰੂਡੋ ਨੇ ਕਿਹਾ, "ਕੈਨੇਡੀਅਨਾਂ ਦੀ ਸੁਰੱਖਿਆ ਕਰਨਾ ਅਤੇ ਕਾਨੂੰਨ ਦੇ ਰਾਜ ਨੂੰ ਕਾਇਮ ਰੱਖਣਾ ਇੱਕ ਬੁਨਿਆਦੀ ਜ਼ਿੰਮੇਵਾਰੀ ਹੈ।" ਸਾਨੂੰ ਅਸਲ ਮੁੱਦਿਆਂ ਨੂੰ ਹੱਲ ਕਰਨ ਦੀ ਲੋੜ ਹੈ। ਇਸ ਦੌਰਾਨ ਟਰੂਡੋ ਨੇ ਕੈਨੇਡਾ 'ਚ ਭਾਰਤੀ ਮੂਲ ਦੇ ਲੋਕਾਂ ਵਿਰੁੱਧ ਹਿੰਸਾ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ, 'ਪਿਛਲੇ ਕੁਝ ਮਹੀਨਿਆਂ ਵਿੱਚ, ਅਸੀਂ ਦੇਸ਼ ਭਰ ਵਿੱਚ ਭਾਰਤੀ-ਕੈਨੇਡੀਅਨਾਂ ਵਿਰੁੱਧ ਹਿੰਸਾ ਦਾ ਇੱਕ ਚਿੰਤਾਜਨਕ ਨਮੂਨਾ ਦੇਖਿਆ ਹੈ।'
ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ, 'ਮੈਂ ਇਸ ਬਾਰੇ ਵਿਸਥਾਰ ਵਿੱਚ ਨਹੀਂ ਜਾਵਾਂਗਾ ਕਿ ਅਸੀਂ ਕਿਸ ਬਾਰੇ ਗੱਲ ਕੀਤੀ ਹੈ, ਪਰ ਮੈਂ ਕਈ ਵਾਰ ਕਿਹਾ ਹੈ ਕਿ ਕੈਨੇਡੀਅਨਾਂ ਦੀ ਸੁਰੱਖਿਆ ਅਤੇ ਕਾਨੂੰਨ ਦੇ ਰਾਜ ਨੂੰ ਕਾਇਮ ਰੱਖਣਾ ਕਿਸੇ ਵੀ ਕੈਨੇਡੀਅਨ ਸਰਕਾਰ ਦੀਆਂ ਬੁਨਿਆਦੀ ਜ਼ਿੰਮੇਵਾਰੀਆਂ ਵਿੱਚੋਂ ਇੱਕ ਹੈ, ਅਤੇ ਇਹ ਉਹ ਹੈ ਜਿਸ 'ਤੇ ਮੈਂ ਧਿਆਨ ਦੇਵਾਂਗਾ। ਹਰਦੀਪ ਸਿੰਘ ਨਿੱਝਰ ਦੇ ਸਵਾਲ 'ਤੇ ਟਰੂਡੋ ਨੇ ਕਿਹਾ ਕਿ ਇਕ ਸਾਲ ਪਹਿਲਾਂ ਉਨ੍ਹਾਂ ਨੇ ਭਾਰਤ 'ਤੇ 'ਭਰੋਸੇਯੋਗ ਦੋਸ਼' ਸਾਂਝੇ ਕੀਤੇ ਸਨ। ਕੈਨੇਡੀਅਨ ਸੰਸਦ ਵੱਲੋਂ ਪਿਛਲੇ ਸਾਲ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਜਸਟਿਨ ਟਰੂਡੋ ਅਤੇ ਪੀਐਮ ਮੋਦੀ ਵਿਚਾਲੇ ਇਹ ਦੂਜੀ ਮੁਲਾਕਾਤ ਹੈ। ਇਸ ਤੋਂ ਪਹਿਲਾਂ ਦੋਵੇਂ ਨੇਤਾ ਜੀ-20 ਸੰਮੇਲਨ ਦੌਰਾਨ ਨਵੀਂ ਦਿੱਲੀ ਵਿੱਚ ਮਿਲੇ ਸਨ। ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਅਤੇ ਭਾਰਤ ਸਰਕਾਰ ਨੂੰ ਲੋੜੀਂਦੇ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੀ ਜੂਨ 2023 ਵਿੱਚ ਕੈਨੇਡਾ ਦੇ ਸਰੀ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਦਾਅਵਾ ਕੀਤਾ ਸੀ ਕਿ ਨਿੱਝਰ ਦੀ ਹੱਤਿਆ ਦੇ 'ਭਰੋਸੇਯੋਗ ਦੋਸ਼ ਹਨ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦਾ। ਭਾਰਤ ਨੇ ਟਰੂਡੋ ਦੇ ਦੋਸ਼ਾਂ ਨੂੰ 'ਬੇਹੂਦਾ' ਅਤੇ 'ਪ੍ਰੇਰਿਤ' ਕਹਿ ਕੇ ਰੱਦ ਕਰ ਦਿੱਤਾ ਸੀ। ਇਨ੍ਹਾਂ ਦੋਸ਼ਾਂ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਸਬੰਧਾਂ 'ਚ ਖਟਾਸ ਆ ਗਈ ਹੈ। ਹਾਲਾਂਕਿ, ਪਿਛਲੇ ਦੋਸ਼ਾਂ ਦੇ ਉਲਟ, ਜਸਟਿਨ ਟਰੂਡੋ ਦਾ ਲਾਓਸ ਵਿੱਚ ਰੁਖ ਸਬੰਧਾਂ ਵਿੱਚ ਸੁਧਾਰ ਕਰਦਾ ਦਿਖਾਈ ਦਿੱਤਾ। ਟਰੂਡੋ ਇਸ ਹਫਤੇ ਮਾਲਦੀਵ ਦੇ ਮੁਈਜ਼ੂ ਤੋਂ ਬਾਅਦ ਦੂਜੇ ਰਾਜ ਦੇ ਮੁਖੀ ਹਨ, ਜਿਨ੍ਹਾਂ ਦਾ ਰੁਖ ਬਦਲ ਗਿਆ ਹੈ



**ਭਾਰਤੀ ਪ੍ਰਧਾਨ ਮੰਤਰੀ ਮੋਦੀ ਨਾਲ "ਅਸਲ ਮੁੱਦਿਆਂ" ਬਾਰੇ ਗੱਲ ਹੋਈ ਹੈ ਜਿਨਾਂ ਨੂੰ "ਹੱਲ ਕਰਨ ਦੀ ਲੋੜ ਹੈ", " ਮੈਂ ਜ਼ੋਰ ਦਿੱਤਾ ਕਿ ਸਾਨੂੰ ਆਜੇ ਵੀ ਹੋਰ ਕੰਮ ਕਰਨ ਦੀ ਲੋੜ ਹੈ," ਕਿਉਂਕਿ ਕੈਨੇਡੀਅਨ ਦੀ ਸੁਰੱਖਿਆ ਕਰਨਾ ਅਤੇ ਕਾਨੂੰਨ ਦੇ ਰਾਜ ਨੂੰ ਕਾਇਮ ਰੱਖਣਾ ਇੱਕ ਬੁਨਿਆਦੀ ਜਿੰਮੇਵਾਰੀ ਹੈ। "**

ਵਿਸ਼ਵ ਪੰਜਾਬੀ ਸਭਾ ਕੈਨੇਡਾ
ਅਤੇ
ਕਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ
ਇੱਕ ਸੁਰਮਈ ਸ਼ਾਮ
ਕਿਤਾਬ ਲੋਕ ਅਰਪਣ
ਮੀਡੀਆ ਅਲੋਚਕ ਦੀ ਆਤਮ ਕਥਾ
ਪ੍ਰੋ. ਕੁਲਬੀਰ ਸਿੰਘ
ਹੁਸਨੈਨ ਅਕਬਰ
(ਬਾਬਾ ਗਰੁੱਪ ਪਾਕਿਸਤਾਨ)
ਪ੍ਰੋ. ਕੁਲਬੀਰ ਸਿੰਘ
(ਚੇਅਰਮੈਨ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ)
ਡਾ. ਦਲਬੀਰ ਸਿੰਘ ਕਥੂਰੀਆ
(ਚੇਅਰਮੈਨ)
12 ਅਕਤੂਬਰ 2024 ਦਿਨ ਸ਼ਨੀਵਾਰ ਸਮਾਂ 5 ਤੋਂ 8 ਵਜੇ ਸ਼ਾਮ
ਸਥਾਨ:–
ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ, ਬਰੈਂਪਟਨ
ਮੰਚ ਸੰਚਾਲਕ
ਪ੍ਰੋ. ਜੰਗੀਰ ਸਿੰਘ ਕਾਹਲੋਂ
https://vishavpunjabisabha.in/ E-mail:vishvapunjabisabha2023@gmail.com
ਸੰਪਰਕ ਨੰ. +1 (416) 700-9100, (905) 531-8901, (416) 500-9131, (416) 666-1919
(437) 848-2526, (365) 778-2036

AXLE Car Rental
Enjoy The Ride!
905.917.0818
We Provide:
• Insurance Replacement Rental
• We Deal With All Insurance Companies
• All New Models of Cars, Suv's & Mini Vans
• Free Local Shuttle Service
axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5

HOMELIFE HIGHER STANDARDS
Homelife Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"



BRAMPTON CASH & CARRY
IMPORTER | WHOLESALER | RETAILER
Grand OPENING
YOU ARE INVITED !
18,19,20
OCTOBER, 2024
OPEN EVERYDAY FROM
9:00 AM TO 9:00 PM
Celebrate our grand opening with us and enjoy exclusive perks and prizes only available on opening day!
1315 INKSTER BLVD,
WINNIPEG MB

AMYRA ACADEMY
Hair & Esthetics
Our Courses
1 HAIR STYLING DIPLOMA
2 MEDICAL ESTHETICS DIPLOMA
905-399-6110 , 647-713-3133
amyraacademy@outlook.com
www.amyraacademy.com
114 Kennedy Road Unit 2 Brampton Ontario, L6W 3E7
amyraacademy
amyraacademy

TEAM GET SOLD
INDER ARORA
(BROKER)
(416) 525.7400
RAMAN KATHURIA
(BROKER)
(416) 709.6100

# ਗੁਰੂ ਤੇਗ ਬਹਾਦਰ ਸਾਹਿਬ ਦਾ 350 ਸ਼ਹੀਦੀ ਦਿਹਾੜਾ ਵੱਡੀ ਪੱਧਰ 'ਤੇ ਮਨਾਇਆ ਜਾਵੇਗਾ: ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋਂ

## ਸਾਰਾ ਸਾਲ ਚੱਲਣਗੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ, ਹੋਵੇਗਾ ਵਿਆਪਕ ਪੱਧਰ 'ਤੇ ਪ੍ਰਚਾਰ



ਨਵੀਂ ਦਿੱਲੀ, ਵਿਸ਼ਵ ਪੰਜਾਬੀ ਸਾਂਝ, ਕੈਨੇਡਾ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਗਲੇ ਸਾਲ ਆ ਰਹੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸ਼ਹੀਦੀ ਦਿਹਾੜੇ ਨੂੰ ਵੱਡੀ ਪੱਧਰ 'ਤੇ ਮਨਾਹਿਆ ਜਾਵੇਗਾ ਅਤੇ ਇਸ ਸਬੰਧ ਵਿਚ ਸਾਰਾ ਸਾਲ ਪ੍ਰੋਗਰਾਮ ਚੱਲਣਗੇ ਤੇ ਇਹਨਾਂ ਦਾ ਵਿਆਪਕ ਪੱਧਰ 'ਤੇ ਪ੍ਰਚਾਰ ਕੀਤਾ ਜਾਵੇਗਾ। ਇਹ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ।

ਅੱਜ ਇਥੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਚੇਅਰਮੈਨ ਤੇ ਹੋਰ ਪ੍ਰਬੰਧਕਾਂ ਦੇ ਨਾਲ-ਨਾਲ ਦਿੱਲੀ ਕਮੇਟੀ ਮੈਂਬਰਾਂ ਨਾਲ ਇਸ ਪ੍ਰੋਗਰਾਮ ਦੀ ਰੂਪ ਰੇਖਾ ਵਿਚਾਰਨ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਫੈਸਲਾ ਲਿਆ ਗਿਆ ਹੈ ਕਿ ਜਿਸ ਜਿਸ ਥਾਂ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਹਨ, ਉਹਨਾਂ ਸਮੁੱਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨਾਲ-ਨਾਲ ਗੁਰੂ ਸਾਹਿਬ ਨੇ ਜਿਸ ਧਰਮ ਤੇ ਕੰਮ ਵਾਸਤੇ ਸ਼ਹਾਦਤ ਦਿੱਤੀ, ਉਹਨਾਂ ਸਭ ਨੂੰ ਨਾਲ ਲੈ ਕੇ ਵਿਸ਼ਾਲ ਮੀਟਿੰਗ ਕੀਤੀ ਜਾਵੇ ਅਤੇ ਸਾਰਾ ਸਾਲ ਸੈਮੀਨਾਰ, ਪ੍ਰਦਰਸ਼ਨੀਆਂ ਤੇ ਹੋਰ ਚੱਲਣ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕੀ ਜਾਵੇ।

ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ ਬਾਰੇ ਚਿੱਤਰ ਪ੍ਰਦਰਸ਼ਨੀਆਂ ਮੈਟਰੋ ਰੇਲ ਗੱਡੀਆਂ ਸਮੇਤ ਹੋਰ ਉਹਨਾਂ ਸਾਰੀਆਂ ਥਾਵਾਂ 'ਤੇ ਲਗਾਈਆਂ ਜਾਣਗੀਆਂ ਜਿਸ ਨਾਲ ਲੋਕਾਂ ਨੂੰ ਵੱਧ ਤੋਂ ਵੱਧ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਆ ਜਾ ਸਕੇ।

ਉਹਨਾਂ ਕਿਹਾ ਕਿ ਜਲਦੀ ਹੀ ਅਗਲੀ ਮੀਟਿੰਗ ਦੀ ਤਾਰੀਕ ਤੈਅ ਕੀਤੀ ਜਾਵੇਗੀ ਅਤੇ ਇਹ ਮੀਟਿੰਗ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਸੱਦੀ ਜਾਵੇਗੀ। ਉਹਨਾਂ ਕਿਹਾ ਕਿ ਸਮੁੱਚੀ ਸੰਗਤ ਪੂਰਨ ਸ਼ਰਧਾ ਤੇ ਸਤਿਕਾਰ ਨਾਲ ਇਹ 350 ਸਾਲਾ ਸ਼ਹੀਦੀ ਦਿਹਾੜਾ ਮਨਾਏਗੀ ਤੇ ਇਸ ਵਾਸਤੇ ਦਿੱਲੀ ਕਮੇਟੀ ਵੱਧ ਚੜ੍ਹ ਕੇ ਕੰਮ ਕਰੇਗੀ।

# Canada 'ਚ ਪੰਜਾਬੀ ਵਿਦਿਆਰਥੀਆਂ ਦਾ ਪ੍ਰਦਰਸ਼ਨ ਤੇਜ਼, ਸਤਾ ਰਿਹੈ ਇਹ ਡਰ

ਟੋਰਾਂਟੋ- ਕੈਨੇਡਾ 'ਚ ਸੈਂਕੜੇ ਪੰਜਾਬੀ ਵਿਦਿਆਰਥੀ ਦੇਸ਼ ਨਿਕਾਲੇ ਦੇ ਡਰ ਤੋਂ ਸਰਕਾਰ ਦੇ ਇਕ ਫ਼ੈਸਲੇ ਖ਼ ?ਲਾਫ਼ ਸੜਕਾਂ 'ਤੇ ਉਤਰ ਆਏ ਹਨ, ਜਿਸ ਮੁਤਾਬਕ ਸਰਕਾਰ ਗੈਰ ਪ੍ਰਵਾਸੀ ਕਾਮਿਆਂ ਦੀ ਗਿਣਤੀ 'ਤੇ ਸੀਮਾ ਲਗਾਉਣ ਦੀ ਯੋਜਨਾ ਬਣਾ ਰਹੀ ਹੈ। ਉੱਜਵਲ ਭਵਿੱਖ ਦੀ ਉਮੀਦ ਲੈ ਕੇ ਆਏ ਇਹ ਵਿਦਿਆਰਥੀ ਹੁਣ ਸੜਕਾਂ 'ਤੇ ਆ ਕੇ ਆਪਣਾ ਦਰਦ ਬਿਆਨ ਕਰ ਰਹੇ ਹਨ। ਨਵੀਂ ਨੀਤੀ ਜੋ ਕਿ ਪੋਸਟ ਗ੍ਰੈਜੂਏਟ ਵਰਕ ਪਰਮਿਟ (PGWP) ਅਤੇ ਹੋਰ ਰੁਜ਼ਗਾਰ-ਸਬੰਧਤ ਇਮੀਗ੍ਰੇਸ਼ਨ ਰੂਟਾਂ ਲਈ ਯੋਗ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਦੀ ਹੈ, ਨੇ ਖਾਸ ਤੌਰ 'ਤੇ ਪੰਜਾਬੀ ਵਿਦਿਆਰਥੀ ਭਾਈਚਾਰੇ ਵਿੱਚ ਗੁੱਸਾ ਪੈਦਾ ਕੀਤਾ ਹੈ, ਜਿਨ੍ਹਾਂ ਨੂੰ ਡਰ ਹੈ ਕਿ ਕੈਨੇਡਾ ਵਿੱਚ ਉਨ੍ਹਾਂ ਦਾ ਭਵਿੱਖ ਧੁੰਦਲਾ ਹੈ। ਸਰਕਾਰ ਦੀਆਂ ਨੀਤੀਗਤ ਤਬਦੀਲੀਆਂ ਦਾ ਇਨ੍ਹਾਂ ਵਿਦਿਆਰਥੀਆਂ 'ਤੇ ਗੰਭੀਰ ਪ੍ਰਭਾਵ ਪਿਆ ਹੈ ਕਿਉਂਕਿ ਬਹੁਤ ਸਾਰੇ ਵਿਦਿਆਰਥੀ ਜੋ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਥਾਈ ਨਿਵਾਸ ਲਈ ਅਰਜ਼ੀ ਦੇਣਾ ਚਾਹੁੰਦੇ ਸਨ, ਹੁਣ ਉਨ੍ਹਾਂ ਦੇ ਕੈਨੇਡਾ ਵਿੱਚ ਸੈਟਲ ਹੋਣ ਦੇ ਸੁਪਨੇ ਚਕਨਾਚੂਰ ਹੋ ਗਏ ਹਨ। ਵਿਰੋਧ ਪ੍ਰਦਰਸ਼ਨ, ਜੋ ਟੋਰਾਂਟੋ ਤੋਂ ਸ਼ੁਰੂ ਹੋਇਆ ਅਤੇ ਬਾਅਦ ਵਿੱਚ ਬਰੈਂਪਟਨ, ਵੈਨਕੂਵਰ, ਵਿਨੀਪੈਗ ਅਤੇ ਮਾਂਟਰੀਅਲ ਵਰਗੇ ਸ਼ਹਿਰਾਂ ਵਿੱਚ ਫੈਲ ਗਿਆ। ਵਿਦਿਆਰਥੀਆਂ ਨੇ "ਅਸੀਂ ਚੰਗੇ ਭਵਿੱਖ ਦੇ ਹੱਕਦਾਰ ਹਾਂ" ਅਤੇ "ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰੋ" ਦੇ ਲਿਖੇ ਹੋਏ ਪੋਸਟਰ ਫੜੇ ਹੋਏ ਸਨ। ਕਈਆਂ ਨੇ ਇਸ ਅਚਾਨਕ ਤਬਦੀਲੀ 'ਤੇ ਨਿਰਾਸ਼ਾ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਕੈਨੇਡਾ ਵਿੱਚ ਆਪਣੀ ਸਿੱਖਿਆ ਵਿੱਚ ਸਾਲਾਂ ਅਤੇ ਮਹੱਤਵਪੂਰਨ ਵਿੱਤੀ ਸਰੋਤਾਂ ਦਾ ਨਿਵੇਸ਼ ਕਰਨ ਤੋਂ ਬਾਅਦ ਉਨ੍ਹਾਂ ਨੂੰ ਗਲਤ ਢੰਗ ਨਾਲ ਸਜ਼ਾ ਦੇਣ ਵਾਂਗ ਹੈ।

# ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ, ਪੰਜਾਬ ਵਿੱਚ ਸਰਵੋਤਮ ਖ਼ੂਨਦਾਨ ਕੇਂਦਰ ਵਜੋਂ ਸਨਮਾਨਿਤ।




ਫ਼ਰੀਦਕੋਟ, - ਵਿਸ਼ਵ ਪੰਜਾਬੀ ਸਾਂਝ, ਕੈਨੇਡਾ :- ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫ਼ਰੀਦਕੋਟ ਨੂੰ ਪੰਜਾਬ ਰਾਜ ਬਲੱਡ ਟਰਾਂਸਫਿਊਜ਼ਨ ਕੌਂਸਲ (ਪੀ.ਐੱਸ.ਬੀ.ਟੀ.ਸੀ.) ਵੱਲੋਂ 2023-24 ਦੌਰਾਨ ਖ਼ੂਨ ਇਕੱਠਾ ਕਰਨ, ਸਵੈ-ਇੱਛਤ ਖ਼ੂਨਦਾਨ ਕੈਂਪ ਲਾਉਣ ਅਤੇ ਬਲੱਡ ਕੰਪੋਨੈਂਟ ਦੀ ਤਿਆਰ ਕਰਨ ਵਿੱਚ ਸ਼ਾਨਦਾਰ ਯੋਗਦਾਨ ਲਈ " ਟਾਪ ਪਰਫਾਰਮਿੰਗ ਬਲੱਡ ਸੈਂਟਰ"ਦਾ ਵੱਕਾਰੀ ਖਿਤਾਬ ਦਿੱਤਾ ਗਿਆ ਹੈ। ਇਹ ਐਵਾਰਡ ਪੰਜਾਬ ਦੇ ਮਾਨਯੋਗ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ 10 ਅਕਤੂਬਰ, 2024 ਨੂੰ ਪਟਿਆਲਾ ਵਿਖੇ ਰਾਸ਼ਟਰੀ ਸਵੈ-ਇੱਛੁਕ ਖ਼ੂਨਦਾਨ ਦਿਵਸ ਮਨਾਉਣ ਵਾਲੇ ਰਾਜ ਪੱਧਰੀ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ। ਸੰਸਥਾ ਦੀ ਨੁਮਾਇੰਦਗੀ ਕਰਦਿਆਂ ਇਹ ਐਵਾਰਡ ਡਾ: ਨੀਤੂ ਕੁੱਕੜ, ਪ੍ਰੋਫੈਸਰ ਅਤੇ ਵਿਭਾਗ ਦੇ ਮੁਖੀ, ਡਾ: ਅੰਜਲੀ ਹਾਂਡਾ (ਸਹਾਇਕ ਪ੍ਰੋਫੈਸਰ, 982"), ਡਾ: ਨਵਰੀਤ ਸਿੰਘ (ਸਹਾਇਕ ਪ੍ਰੋਫੈਸਰ, 982"), ਕੌਂਸਲਰ ਵਿਜੇਤਾ ਰਾਣੀ ਅਤੇ ਲੈਬ ਟੈਕਨੀਸ਼ੀਅਨ ਵਿਜੇ ਕੁਮਾਰ ਵਲੋਂ ਪ੍ਰਾਪਤ ਕੀਤਾ ਗਿਆ।

ਇਹ ਮਾਨਤਾ ਸਵੈਇੱਛਤ ਖ਼ੂਨਦਾਨ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਭਰ ਵਿੱਚ ਸੁਰੱਖਿਅਤ ਅਤੇ ਉੱਚ-ਗੁਣਵੱਤਾ ਵਾਲੀਆਂ ਖ਼ੂਨ ਚੜ੍ਹਾਉਣ ਸੇਵਾਵਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸੰਸਥਾ ਦੀ ਨਿਰੰਤਰ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਹਸਪਤਾਲ ਦੀ ਟੀਮ ਅਤੇ ਵਲੰਟੀਅਰਾਂ ਦੇ ਸਮਰਪਿਤ ਯਤਨਾਂ ਨੇ ਮਰੀਜ਼ਾਂ ਦੀਆਂ ਖ਼ੂਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ \ ਅਤੇ ਅਣਗਿਣਤ ਜਾਨਾਂ ਬਚਾਉਣ ਵਿੱਚ ਬਹੁਤ ਯੋਗਦਾਨ ਪਾਇਆ ਹੈ ਇਸ ਮੌਕੇ ਬੋਲਦਿਆਂ ਡਾ. ਨੀਤੂ ਕੁੱਕੜ ਨੇ ਸਵੈ-ਇੱਛੁਕ ਖ਼ੂਨਦਾਨੀਆਂ ਦੀ ਅਹਿਮ ਭੂਮਿਕਾ ਅਤੇ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ

ਮਾਨਤਾ ਲਈ ਧੰਨਵਾਦ ਪ੍ਰਗਟ ਕੀਤਾ। ਹਸਪਤਾਲ ਭਵਿੱਖ ਵਿੱਚ ਆਪਣੀਆਂ ਖ਼ੂਨਦਾਨ ਪਹਿਲਕਦਮੀਆਂ ਨੂੰ ਵਧਾਉਣ ਲਈ ਵਚਨਬੱਧ ਹੈ।

ਪੰਜਾਬ ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਲ ਨੇ ਕਈ 24 ਕੈਂਪਾਂ ਦਾ ਆਯੋਜਨ ਕਰਨ ਅਤੇ ਰਾਜ ਦੇ ਸਿਹਤ ਸੰਭਾਲ ਖੇਤਰ ਵਿੱਚ ਇਸ ਦੇ ਯੋਗਦਾਨ ਲਈ ਸੰਸਥਾ ਦੀ ਅਗਵਾਈ ਦੀ ਸ਼ਲਾਘਾ ਕੀਤੀ।

ਇਸ ਮੌਕੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ.ਐਫ.ਯੂ.ਐਚ.ਐਸ.) ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਟੀਮ ਨੂੰ ਹਾਰਦਿਕ ਵਧਾਈ ਦਿੰਦਿਆਂ ਕਿਹਾ, "ਇਹ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਲਈ ਮਾਣ ਵਾਲੀ ਗੱਲ ਹੈ। ਰਾਜ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਖ਼ੂਨ ਕੇਂਦਰ ਵਜੋਂ ਜਾਣਿਆ ਜਾਣ ਵਾਲਾ ਇਹ ਸਨਮਾਨ ਸਵੈ-ਇੱਛਾ ਨਾਲ ਖ਼ੂਨਦਾਨ ਕਰਨ ਲਈ ਸੰਸਥਾ ਦੇ ਅਟੁੱਟ ਸਮਰਪਣ ਨੂੰ ਦਰਸਾਉਂਦਾ ਹੈ।

# ਸਮੱਸਿਆਵਾਂ ਦਾ ਹੱਲ ਜੰਗ ਦੇ ਮੈਦਾਨ ਤੋਂ ਨਹੀਂ ਆ ਸਕਦਾ: ਮੋਦੀ

## ਪ੍ਰਧਾਨ ਮੰਤਰੀ ਮੋਦੀ ਨੇ ਯੂਰੇਸ਼ੀਆ, ਪੱਛਮੀ ਏਸ਼ੀਆ ਵਿੱਚ ਸ਼ਾਂਤੀ ਦੀ ਮੰਗ ਕੀਤੀ

ਵਿਏਅਨਟੀਏਨ, ਵਿਸ਼ਵ ਪੰਜਾਬੀ ਸਾਂਝ, ਕੈਨੇਡਾ :- 19ਵੇਂ ਪੂਰਬੀ ਏਸ਼ੀਆ ਸੰਮੇਲਨ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਮੱਸਿਆਵਾਂ ਦਾ ਹੱਲ ਜੰਗ ਦੇ ਮੈਦਾਨ ਤੋਂ ਨਹੀਂ ਨਿਕਲ ਸਕਦਾ, ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਸੰਘਰਸ਼ਾਂ ਦਾ ਗਲੋਬਲ ਸਾਊਥ ਦੇ ਦੇਸ਼ਾਂ 'ਤੇ ਸਭ ਤੋਂ ਵੱਧ ਮਾੜਾ ਪ੍ਰਭਾਵ ਪੈ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਯੂਰੇਸ਼ੀਆ ਅਤੇ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਅਤੇ ਸਥਿਰਤਾ ਦੀ ਬਹਾਲੀ ਦਾ ਸੱਦਾ ਦਿੱਤਾ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਇੱਕ ਆਜ਼ਾਦ, ਖੁੱਲ੍ਹਾ, ਸਮਾਵੇਸ਼ੀ, ਖੁਸ਼ਹਾਲ ਅਤੇ ਨਿਯਮ ਆਧਾਰਿਤ ਇੰਡੋ-ਪੈਸੀਫਿਕ ਸਮੁੱਚੇ ਖੇਤਰ ਦੀ ਸ਼ਾਂਤੀ ਅਤੇ ਤਰੱਕੀ ਲਈ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਦੱਖਣੀ ਚੀਨ ਸਾਗਰ ਦੀ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਪੂਰੇ ਭਾਰਤ-ਪ੍ਰਸ਼ਾਂਤ ਖੇਤਰ ਦੇ ਹਿੱਤ ਵਿੱਚ ਹੈ ਸ੍ਰੀ ਮੋਦੀ ਨੇ ਕਿਹਾ ਕਿ ਸਾਡੀ ਪਹੁੰਚ ਵਿਕਾਸਵਾਦ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਵਿਸਤਾਰਵਾਦ ਵੱਲ। ਉਨ੍ਹਾਂ ਕਿਹਾ ਕਿ ਯੂਰੇਸ਼ੀਆ ਹੋਵੇ ਜਾਂ ਪੱਛਮੀ ਏਸ਼ੀਆ, ਸ਼ਾਂਤੀ ਅਤੇ ਸਥਿਰਤਾ ਜਲਦੀ ਤੋਂ ਜਲਦੀ ਬਹਾਲ ਹੋਣੀ ਚਾਹੀਦੀ ਹੈ। ਮੋਦੀ ਨੇ ਕਿਹਾ "ਮੈਂ ਬੁੱਧ ਦੀ ਧਰਤੀ ਤੋਂ ਆਇਆ ਹਾਂ, ਅਤੇ ਮੈਂ ਵਾਰ-ਵਾਰ ਕਿਹਾ ਹੈ ਕਿ ਇਹ ਯੁੱਧ ਦਾ ਯੁੱਗ ਨਹੀਂ ਹੈ। ਸਮੱਸਿਆਵਾਂ ਦਾ ਹੱਲ ਜੰਗ ਦੇ ਮੈਦਾਨ ਤੋਂ ਨਹੀਂ ਹੋ ਸਕਦਾ।"









# ਨੋਇਲ ਟਾਟਾ ਨੂੰ ਟਾਟਾ ਟਰੱਸਟਾਂ ਦਾ ਚੇਅਰਮੈਨ ਨਿਯੁਕਤ ਕੀਤਾ




ਨਵੀਂ ਦਿੱਲੀ, ( ਵਿਸ਼ਵ ਪੰਜਾਬੀ ਸਾਂਝ, ਕੈਨੇਡਾ) -ਨੋਏਲ ਟਾਟਾ ਨੂੰ ਸ਼ੁੱਕਰਵਾਰ ਨੂੰ ਭਾਰਤੀ ਸਮੂਹ ਟਾਟਾ ਦੀ ਪਰਉਪਕਾਰੀ ਸ਼ਾਖਾ ਟਾਟਾ ਟਰੱਸਟ, ਸੀ.ਐਨ.ਬੀ.ਸੀ. ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਜਿਸ ਬਾਰੇ ਟੀਵੀ 18 ਨੇ ਰਿਪੋਰਟ ਸਾਂਝੀ ਕੀਤੀ ਹੈ। ਨੋਏਲ ਦੀ ਨਿਯੁਕਤੀ ਮਹੱਤਵਪੂਰਨ ਹੈ ਕਿਉਂਕਿ ਟਾਟਾ ਸੰਨਜ਼, ਟਾਟਾ ਬ੍ਰਾਂਡ ਦੇ ਅਧੀਨ ਵੱਖ-ਵੱਖ ਫਰਮਾਂ ਦੀ ਹੋਲਡਿੰਗ ਕੰਪਨੀ, ਜੋ ਕਿ 150 ਸਾਲ ਤੋਂ ਵੱਧ ਪੁਰਾਣੀ ਹੈ, ਦਾ 66% ਹਿੱਸਾ ਟਾਟਾ ਟਰੱਸਟਸ ਕੋਲ ਹੈ। ਭਾਰਤ ਦੇ ਸਭ ਤੋਂ ਸਤਿਕਾਰਤ ਕਾਰਪੋਰੇਟ ਵਿਅਕਤੀਆਂ ਵਿੱਚੋਂ ਇੱਕ ਰਤਨ ਟਾਟਾ ਨੇ ਸਾਮਰਾਜ ਨੂੰ ਇੱਕ ਵਿਸ਼ਵਵਿਆਪੀ ਸਮੂਹ ਵਿੱਚ ਬਣਾਇਆ ਜੋ ਸਾਰੇ ਉਦਯੋਗਾਂ ਵਿੱਚ ਫੈਲਿਆ ਹੋਇਆ ਸੀ।ਟਾਟਾ ਟਰੱਸਟ ਦੀ ਸਥਾਪਨਾ ਨੋਏਲ ਅਤੇ ਰਤਨ ਦੇ ਪੜਦਾਦਾ ਜਮਸ਼ੇਤਜੀ ਟਾਟਾ ਦੁਆਰਾ 1892 ਵਿੱਚ ਕੀਤੀ ਗਈ ਸੀ। ਨੋਏਲ ਨੇਵਲ ਟਾਟਾ ਪਹਿਲਾਂ ਹੀ ਸਰ ਰਤਨ ਟਾਟਾ ਟਰੱਸਟ ਅਤੇ ਸਰ ਦੋਰਾਬਜੀ ਟਾਟਾ ਟਰੱਸਟ ਦੇ ਬੋਰਡ ਵਿੱਚ ਟਰੱਸਟੀ ਦੇ ਰੂਪ ਵਿੱਚ ਕੰਮ ਕਰ ਰਹੇ ਹਨ। ਉਹ ਟਾਟਾ ਟ੍ਰੈਂਟ ਦੇ ਚੇਅਰਮੈਨ ਅਤੇ ਟਾਟਾ ਸਟੀਲ ਦੇ ਉਪ ਚੇਅਰਮੈਨ ਵੀ ਹਨ। ਹਾਲਾਂਕਿ ਟਾਟਾ ਟਰੱਸਟਾਂ ਇਸ ਖਬਰ ਏਜੰਸੀ ਦੀ ਟਿੱਪਣੀ ਲਈ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। -

# ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਬਰਸੀ ਮਨਾਈ

ਅੰਮ੍ਰਿਤਸਰ, ( ਵਿਸ਼ਵ ਪੰਜਾਬੀ ਸਾਂਝ, ਕੈਨੇਡਾ) -ਸ੍ਰੀ ਅਕਾਲ ਤਖਤ ਵਲੋਂ ਕੌਮੀ ਸ਼ਹੀਦ ਕਰਾਰ ਦਿਤੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸਾਲਾਨਾ ਬਰਸੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਨੇ ਕਿਹਾ ਕਿ ਭਾਈ ਜਿੰਦਾ ਤੇ ਭਾਈ ਸੁੱਖਾ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਕੌਮ ਖਾਤਰ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੰਘਾਂ ਵੱਲੋਂ ਕੌਮੀ ਜਜ਼ਬੇ ਖ਼ਾਤਰ ਦਿੱਤੀਆਂ ਸ਼ਹਾਦਤਾਂ ਨੂੰ ਕੌਮ ਹਮੇਸ਼ਾ ਸਜਦਾ ਕਰਦੀ ਹੈ। ਅਖੰਡ ਪਾਠ ਦੇ ਭੋਗ ਮੌਕੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਭਾਈ ਭੁਪਿੰਦਰ ਸਿੰਘ, ਬੀਬੀ ਕੁਲਵੰਤ ਕੌਰ, ਭਾਈ ਸਤਵੰਤ ਸਿੰਘ ਹਾਜ਼ਰ ਸਨ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਦਿੱਤੇ ਗਏ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਪ੍ਰਤਾਪ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ, ਵਧੀਕ ਸਕੱਤਰ ਪ੍ਰੀਤਪਾਲ ਸਿੰਘ ਹਾਜ਼ਰ ਸਨ।

## "ਅਮਰੀਕਾ ਦੀ ਰਾਸ਼ਟਰਪਤੀ ਚੋਣ: ਜਾਣੋ ਨਵੰਬਰ ਤੋਂ ਜਨਵਰੀ ਤੱਕ ਕਿਹੜੀ ਤਰੀਕ ਨੂੰ ਕੀ ਹੋਵੇਗਾ, ਕਦੋਂ ਮਿਲੇਗਾ ਨਵਾਂ ਰਾਸ਼ਟਰਪਤੀ ?

ਅਮਰੀਕੀ ਰਾਸ਼ਟਰਪਤੀ ਦੀ ਚੋਣ ਨਵੰਬਰ ਵਿਚ ਹੋਣੀ ਹੈ। ਹਾਲਾਂਕਿ, ਇਹਨਾਂ ਤਾਰੀਖਾਂ ਵਿੱਚ ਕੁਝ ਉਤਰਾਅ-ਚੜ੍ਹਾਅ ਹੋ ਸਕਦੇ ਹਨ। ਮੇਲ-ਇਨ ਬੈਲਟ ਵੀ ਨਤੀਜਿਆਂ ਵਿੱਚ ਸੰਭਾਵੀ ਦੇਰੀ ਦਾ ਕਾਰਨ ਬਣ ਸਕਦੇ ਹਨ। ਹਾਲਾਂਕਿ ਵੋਟਾਂ ਦੀ ਗਿਣਤੀ ਤੋਂ ਬਾਅਦ 20 ਜਨਵਰੀ ਨੂੰ ਨਵੇਂ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੇ ਨਾਵਾਂ ਦਾ ਐਲਾਨ ਕੀਤਾ ਜਾਵੇਗਾ।ਅਮਰੀਕਾ 'ਚ ਇਸ ਸਾਲ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਹੋਣ ਜਾ ਰਹੀਆਂ ਹਨ। ਚੋਣਾਂ 'ਚ ਮੁੱਖ ਮੁਕਾਬਲਾ ਡੋਨਾਲਡ ਟਰੰਪ ਅਤੇ ਕਮਲਾ ਹੈਰਿਸ ਵਿਚਾਲੇ ਹੋਣ ਦੀ ਉਮੀਦ ਹੈ। ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਹੈ, ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ 2016 ਤੋਂ 2020 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ ਹਨ। ਚੋਣ ਪ੍ਰਕਿਰਿਆ ਨਵੰਬਰ ਵਿੱਚ ਸ਼ੁਰੂ ਹੋਵੇਗੀ ਅਤੇ ਨਤੀਜੇ ਅਗਲੇ ਸਾਲ ਜਨਵਰੀ ਵਿੱਚ ਆਉਣਗੇ। ਅਸੀਂ ਤੁਹਾਨੂੰ ਅਗਲੇ ਮਹੀਨੇ ਭਾਵ ਨਵੰਬਰ ਵਿੱਚ ਚੋਣ ਪ੍ਰਕਿਰਿਆ ਦੀ ਸ਼ੁਰੂਆਤ ਤੋਂ ਲੈ ਕੇ ਜਨਵਰੀ ਵਿੱਚ ਨਤੀਜੇ ਆਉਣ ਤੱਕ ਅਮਰੀਕਾ ਵਿੱਚ ਚੋਣਾਂ ਨਾਲ ਸਬੰਧਤ ਘਟਨਾਵਾਂ ਦੀਆਂ ਤਰੀਕਾਂ ਦੱਸ ਰਹੇ ਹਾਂ। ਇਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ 'ਚ ਕੁਝ ਸਮੇਂ ਲਈ ਸਿਆਸੀ ਉਥਲ-ਪੁਥਲ ਹੋਵੇਗੀ, ਜਿਸ 'ਤੇ ਦੁਨੀਆ ਦੀਆਂ ਚੋਣਾਂ ਵਿਚਾਲੇ ਟਰੰਪ ਦੀ ਸਜ਼ਾ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ।5 ਨਵੰਬਰ, 2024 ਅਮਰੀਕਾ ਵਿੱਚ ਚੋਣਾਂ ਦਾ ਦਿਨ ਹੈ। ਮੇਲ-ਇਨ ਬੈਲਟ ਵੀ ਨਵੰਬਰ ਵਿੱਚ ਹੀ ਆਉਣੇ ਹਨ, ਜੋ ਕਿ ਦੇਰੀ ਦਾ ਕਾਰਨ ਵੀ ਬਣ ਸਕਦੇ ਹਨ। 26 ਨਵੰਬਰ ਦੀ ਤਰੀਕ ਵੀ ਖਾਸ ਹੋਣ ਵਾਲੀ ਹੈ। ਟਰੰਪ ਨੂੰ ਇਸ ਦਿਨ ਸਜ਼ਾ ਸੁਣਾਈ ਜਾਵੇਗੀ। ਟਰੰਪ ਅਜਿਹੇ ਪਹਿਲੇ ਮੌਜੂਦਾ ਜਾਂ ਸਾਬਕਾ ਅਮਰੀਕੀ ਰਾਸ਼ਟਰਪਤੀ ਹੋਣਗੇ ਜਿਨ੍ਹਾਂ ਨੂੰ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਮੈਨਹਟਨ ਹਸ਼ ਮਨੀ ਕੇਸ ਵਿੱਚ ਸਜ਼ਾ ਸੁਣਾਈ ਜਾਵੇਗੀ। ਇਹ ਮਾਮਲਾ 17 ਦਸੰਬਰ, 2024 ਨੂੰ ਸਾਬਕਾ ਪੋਰਨ ਸਟਾਰ ਨਾਲ ਟਰੰਪ ਦੇ ਸਬੰਧਾਂ ਨਾਲ ਸਬੰਧਤ ਹੈ: ਇਲੈਕਟੋਰਸ, ਜੋ ਮਿਲ ਕੇ ਇਲੈਕਟੋਰਲ ਕਾਲਜ ਬਣਾਉਂਦੇ ਹਨ, ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਕਰਨ ਲਈ ਆਪਣੇ-ਆਪਣੇ ਰਾਜਾਂ ਜਾਂ ਡਿਸਟ੍ਰਿਕਟ ਆਫ਼ ਕੋਲੰਬੀਆ ਵਿੱਚ ਮਿਲਣਗੇ।

# ਪ੍ਰੀਤਾਂ ਨੇ ਦੁਨੀਆ ਭਰ ਵਿੱਚ ਖੇਡ ਕਬੱਡੀ ਨੂੰ ਰੌਸ਼ਨ ਕੀਤਾ - ਸਤਪਾਲ ਸਿੰਘ ਜੌਹਲ

ਟੋਰਾਂਟੋ ( ਵਿਸ਼ਵ ਪੰਜਾਬੀ ਸਾਂਝ, ਕੈਨੇਡਾ) - ਬੀਤੇ ਦਿਨੀ ਨਡਾਲਾ ਨਿਵਾਸੀ ਪ੍ਰੀਤਮ ਸਿੰਘ ਸ਼ਾਹੀ ਉਰਫ ਪ੍ਰੀਤਾ ਦੇ ਦਿਹਾਂਤ ਦੀ ਖਬਰ ਨਾਲ ਪੂਰੇ ਪੰਜਾਬੀ ਜਗਤ ਅਤੇ ਵਿਸ਼ੇਸ਼ ਤੌਰ ਤੇ ਕਬੱਡੀ ਪ੍ਰੇਮੀਆਂ ਦੇ ਦਿਲਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਕੈਨੇਡਾ ਭਰ ਵਿੱਚ ਲੋਕਾਂ ਵੱਲੋਂ ਉਹਨਾਂ ਦੇ ਵਿਛੋੜੇ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਤੇ ਟੋਰਾਂਟੋ ਵਿੱਚ ਪੀਲ ਡਿਸਟ੍ਰਿਕਟ ਬੋਰਡ ਦੇ ਡਿਪਟੀ ਚੇਅਰਮੈਨ ਸ. ਸਤਪਾਲ ਸਿੰਘ ਜੌਹਲ (ਨਡਾਲਾ) ਨੇ ਦੱਸਿਆ ਕਿ ਪ੍ਰੀਤਾ ਆਪਣੇ ਸਮੇਂ ਦਾ ਮਹਾਨ ਕਬੱਡੀ ਖਿਡਾਰੀ ਸੀ ਜਿਸ ਦੇ ਫੁਰਤੀਲੇਪਨ ਸਦਕਾ ਉਸ ਨੂੰ ਲੋਕ 'ਆਇਆ ਪ੍ਰੀਤਾ ਗਿਆ ਪ੍ਰੀਤਾ' ਵਜੋਂ ਜਾਣਦੇ ਸਨ। ਸ. ਜੌਹਲ ਨੇ ਕਿਹਾ ਕਿ ਪ੍ਰੀਤਾ ਦੇ ਜਾਣ ਨਾਲ ਉਹਨਾਂ ਦੇ ਨਗਰ ਨਡਾਲਾ ਨੂੰ ਹੀ ਨਹੀਂ ਸਗੋਂ ਸਮੁੱਚੇ ਕਬੱਡੀ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ।

ਇਸ ਤੋਂ ਇਲਾਵਾ ਕਬੱਡੀ ਖਿਡਾਰੀਆਂ ਅਤੇ ਕਬੱਡੀ ਪ੍ਰੇਮੀਆਂ ਸ. ਪ੍ਰੀਤਮ ਸਿੰਘ ਪ੍ਰੀਤਾ ਦੇ ਵੈਨਕੂਵਰ ਰਹਿੰਦੇ ਜਵਾਈ ਸ.ਜਵਾਹਰ ਸਿੰਘ ਕਾਲਾ ਸੰਘਿਆ, ਪ੍ਰਸਿੱਧ ਕਬੱਡੀ ਖਿਡਾਰੀ ਗੁਰ ਦਿਲਬਾਗ ਸਿੰਘ ਬਾਘਾ ਮੱਲਕੇ ਰਾਜਵਿੰਦਰ ਰਾਜ ਥਰੀਕੇ, ਗੁਰਦੀਪ ਸਿੰਘ ਪਿੰਕੀ ਢਿੱਲੋਂ, ਬੰਤ ਸਿੰਘ ਨਿੱਝਰ, ਭਜਨ ਸਿੰਘ ਥਿੰਦ, ਜੋਹਨ ਸਿੰਘ ਗਿੱਲ ਯੂਐਸਏ, ਦਰਸ਼ਨ ਸਿੰਘ ਗਿੱਲ, ਚਰਨ ਸਿੰਘ ਪੁਰੇਵਾਲ, ਮਲਕੀਤ ਸਿੰਘ ਪੁਰੇਵਾਲ, ਬਚਿੱਤਰ ਸਿੰਘ ਘੋਲੀਆ, ਬੇਅੰਤ ਸਿੰਘ ਧਾਲੀਵਾਲ, ਰਾਣਾ ਸਿੱਧੂ, ਸੀਰਾ ਸ਼ੰਮੀਪੁਰੀਆ ਯੂਕੇ, ਘੁੱਦਾ ਯੂ ਕੇ ਆਦਿ ਨੇ ਵੀ ਸ. ਪ੍ਰੀਤਮ ਸਿੰਘ ਪ੍ਰੀਤਾ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਬੱਡੀ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ ਹੈ।



-ਪ੍ਰੀਤਮ ਸਿੰਘ ਪ੍ਰੀਤਾ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ

# ਨਾਮਧਾਰੀ ਦਰਬਾਰ ਵੱਲੋਂ ਭਾਜਪਾ ਨੂੰ ਵਧਾਈ



ਨਵੀਂ ਦਿੱਲੀ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਹੁਣੇ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਚ ਭਾਰਤੀ ਜਨਤਾ ਪਾਰਟੀ ਨੂੰ ਤੀਜੀ ਵਾਰ ਜਿੱਤ ਮਿਲੀ ਹੈ। ਇਸ ਸਬੰਧੀ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੇ ਕਾਰਜਕਾਰੀ ਪ੍ਰਧਾਨ ਜਸਵੰਤ ਸਿੰਘ ਨਾਮਧਾਰੀ ਨੇ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੇਪੀ ਨੱਡਾ,ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਕੇਂਦਰੀ ਵਜ਼ੀਰ ਮਨੋਹਰ ਲਾਲ ਖੱਟਰ ਨੂੰ ਵਧਾਈ ਦਿੱਤੀ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਭਾਜਪਾ ਦੀਆਂ ਨੀਤੀਆਂ ਕਾਰਨ ਹਰਿਆਣਾ ਦੇ ਲੋਕਾਂ ਨੇ ਇਸ ਗੱਲ 'ਤੇ ਮੋਹਰ ਲਾਈ ਹੈ ਕਿ ਲੋਕ ਪੱਖੀ ਨੀਤੀਆਂ ਨਾਲ ਹਰਿਆਣਾ ਦਾ ਵਿਕਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਡਬਲ ਇੰਜਣ ਦੀ ਸਰਕਾਰ ਲੋਕਾਂ ਦੀਆ ਉਮੀਦਾਂ 'ਤੇ ਖਰੀ ਉਤਰੀ ਹੈ। ਉਨ੍ਹਾਂ ਆਖਿਆ ਕਿ ਹਰਿਆਣਾ ਵਾਸੀਆਂ ਨੇ ਕੇਂਦਰ ਅਤੇ ਹਰਿਆਣਾ ਸਰਕਾਰ ਦੀਆਂ ਨੀਤੀਆਂ 'ਤੇ ਵਿਸ਼ਵਾਸ ਪ੍ਰਗਟਾਇਆ ਹੈ।












# ਕੰਮ ਦੇ ਬੋਝ ਦੇ ਚੱਲਦਿਆਂ ਹੁਣ ਤੱਕ 19 ਸਰਕਾਰੀ ਡਾਕਟਰਾਂ ਨੇ ਛੱਡੀ ਨੌਕਰੀ

ਬਠਿੰਡਾ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਬਠਿੰਡਾ ਵਿਖੇ ਸਰਕਾਰੀ ਡਾਕਟਰਾਂ ਤੇ ਕਿੰਨਾ ਬੋਝ ਹੈ, ਇਸ ਦਾ ਅੰਦਾਜ਼ਾ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਕੀ ਹੁਣ ਉਹ ਸਰਕਾਰੀ ਹਸਪਤਾਲਾਂ ਵਿੱਚ ਕੰਮ ਹੀ ਨਹੀਂ ਕਰਨਾ ਚਾਹੁੰਦੇ, ਇਹੀ ਕਾਰਨ ਹੈ ਕਿ ਬੀਤੇ ਤਿੰਨ ਮਹੀਨਿਆਂ ਵਿੱਚ ਬਠਿੰਡਾ ਵਿਖੇ 6 ਵੱਡੇ ਡਾਕਟਰ ਸਰਕਾਰੀ ਸੇਵਾ ਛੱਡ ਚੁੱਕੇ ਹਨ। ਡਾਕਟਰਾਂ ਅਨੁਸਾਰ ਬੇਲੋੜਾ ਕੰਮ ਦਾ ਦਬਾਅ, ਵੀਆਈਪੀ ਡਿਊਟੀ, ਦੋ ਹਸਪਤਾਲਾਂ ਵਿੱਚ ਕੰਮ ਕਰਨਾ ਨੌਕਰੀ ਛੱਡਣ ਦੇ ਮੁੱਖ ਕਾਰਨ ਹਨ। ਸਿਹਤ ਵਿਭਾਗ ਨੇ ਦੋ ਡਾਕਟਰਾਂ ਨੂੰ ਪ੍ਰਮੋਸ਼ਨ ਦੇ ਦਿੱਤੀ ਪਰ ਦੋਵਾਂ ਨੇ ਤਰੱਕੀ ਲੈਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਵਿੱਚ ਬਠਿੰਡਾ ਸਿਵਲ ਹਸਪਤਾਲ ਦੇ ਡਾਕਟਰ ਵਿਸ਼ਵੇਸ਼ਵਰ ਚਾਵਲਾ ਅਤੇ ਨਥਾਣਾ ਦੇ ਐਸਐਮਓ ਡਾ.ਨਵਦੀਪ ਕੌਰ ਸਰਾਂ ਸ਼ਾਮਲ ਹਨ। ਸਾਬਕਾ ਐਸਐਮਓ ਡਾਕਟਰ ਸਤੀਸ਼ ਜਿੰਦਲ ਦਾ ਕਹਿਣਾ ਹੈ ਕਿ ਨੌਕਰੀ ਦੌਰਾਨ ਇੰਨਾ ਦਬਾਅ ਸੀ ਕਿ ਉਹ ਆਪਣੇ ਪਰਿਵਾਰਕ ਮੈਂਬਰਾਂ ਨੂੰ ਸਮਾਂ ਨਹੀਂ ਦੇ ਪਾ ਰਿਹਾ ਸੀ। ਇਸ ਕਾਰਨ ਉਸ ਨੂੰ ਨੌਕਰੀ ਛੱਡਣੀ ਪਈ। ਗਾਇਨੀਕੋਲੋਜਿਸਟ ਡਾ: ਰੇਣੂਕਾ ਗੋਇਲ ਨੇ ਦੱਸਿਆ ਕਿ ਉਨ੍ਹਾਂ ਦੀ ਪੋਸਟਿੰਗ ਗੋਨਿਆਣਾ 'ਚ ਸੀ, ਪਰ ਉੱਥੇ ਵੀ ਉਨ੍ਹਾਂ ਨੂੰ ਵੂਮੈਨ ਐਂਡ ਚਿਲਡਰਨ ਹਸਪਤਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਐਮਰਜੈਂਸੀ ਤੇ ਵੀਆਈਪੀ ਡਿਊਟੀ ਵੀ ਕਰਨੀ ਪਈ। ਇਸ ਕਾਰਨ ਉਹ ਘਰ ਵਿੱਚ ਬੱਚਿਆਂ ਨੂੰ ਸਮਾਂ ਨਹੀਂ ਦੇ ਪਾ ਰਹੀ ਸੀ।

### ਓਪੀਡੀ-ਐਮਰਜੈਂਸੀ ਤੋਂ ਬਾਅਦ ਪੋਸਟ ਮਾਰਟਮ ਦੀ ਜ਼ਿੰਮੇਵਾਰੀ

ਇਸ ਵੇਲੇ 200 ਬੈੱਡਾਂ ਦੀ ਸਮਰੱਥਾ ਵਾਲੇ ਸਰਕਾਰੀ ਹਸਪਤਾਲ ਵਿੱਚ ਓਪੀਡੀ ਲਈ 23 ਡਾਕਟਰ ਅਤੇ ਐਮਰਜੈਂਸੀ ਲਈ 6 ਡਾਕਟਰ ਤਾਇਨਾਤ ਹਨ। ਇਨ੍ਹਾਂ ਵਿੱਚ ਸਰਜਰੀ 3, ਮਨੋਵਿਗਿਆਨੀ 2, ਦੰਦਾਂ ਦਾ 1, ਐਮਡੀ ਮੈਡੀਸਨ 4, ਆਰਥੋ 2, ਈਐਨਟੀ 3,2 ਐਨਸੀਡੀ ਕਲੀਨਿਕ ਵਿੱਚ ਅਤੇ 2 ਅਲਟਰਾਸਾਊਂਡ ਵਿੱਚ। ਡਾਕਟਰ ਨਿਯੁਕਤ ਕੀਤੇ ਗਏ ਹਨ। ਸਿਵਲ ਹਸਪਤਾਲ ਵਿੱਚ ਵੀਆਈਪੀ ਡਿਊਟੀ ਅਤੇ ਮੈਡੀਕੋ-ਲੀਗਲ ਲਈ ਸਿਰਫ਼ 6 ਈਐਮਓ ਤਾਇਨਾਤ ਹਨ। ਅਜਿਹੇ 'ਚ ਜ਼ਿਲੇ 'ਚ ਇਸ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ, ਤਾਂ ਕਿ ਉੱਥੇ ਨਾ ਹੋਵੇ। ਹਸਪਤਾਲ ਦੇ ਬਾਕੀ ਡਾਕਟਰ ਭੋਪਾਲ ਅਤੇ ਐਮਰਜੈਂਸੀ ਤੋਂ ਬਾਅਦ ਡਾਕਟਰੀ ਦਾ ਕੰਮ ਕਰਦੇ ਹਨ।

### ਜ਼ਿਲ੍ਹੇ ਦੇ ਇਨ੍ਹਾਂ 13 ਡਾਕਟਰਾਂ ਨੇ ਵੀ ਨੌਕਰੀ ਛੱਡ ਦਿੱਤੀ ਹੈ

ਦੋ ਸਾਲ ਪਹਿਲਾਂ ਅਸਤੀਫਾ ਦੇਣ ਵਾਲੇ ਡਾਕਟਰਾਂ ਵਿੱਚ ਐਮਡੀ ਮੈਡੀਸਨ ਡਾ: ਪਰਮਿੰਦਰ ਬਾਂਸਲ, ਸਾਈਨ ਟੈਕ ਡਾ: ਨਿਧੀ ਗੁਪਤਾ, ਡਾ: ਸੁਨੀਲ ਗੁਪਤਾ, ਇੰਦਰਵੀਰ ਕਾਲੜਾ, ਸਰਜਨ ਡਾ: ਨੀਲ ਕਮਲ, ਆਰਥੋ ਸਪੈਸ਼ਲਿਸਟ ਡਾ: ਅਜੈ ਗੁਪਤਾ, ਐਮਡੀ ਮੈਡੀਸਨ ਡਾ: ਜੈਅੰਤ ਅਗਰਵਾਲ ਅਤੇ ਡਾ. ਰਮਨਦੀਪ ਗੋਇਲ, ਆਈਡੀਐਸਪੀ ਡਾ: ਗੁਰਕੀਰਤ ਸਿੰਘ, ਡਾ: ਹਰਨੀਤ ਜੌੜਾ, ਡਾ: ਸ਼ਾਇਨਾ, ਡਾ: ਮਨੀਤਾ ਬਾਂਸਲ ਅਤੇ ਸੁਮਿਤ ਬਾਂਸਲ,

### ਨਵੀਂ ਭਰਤੀ ਦੀ ਪ੍ਰਕਿਰਿਆ ਜਾਰੀ ਹੈ

ਨੌਕਰੀ ਛੱਡਣ ਵਾਲੇ ਡਾਕਟਰਾਂ ਨੇ ਨੌਕਰੀ ਛੱਡਣ ਲਈ ਨਿੱਜੀ ਅਤੇ ਨਿੱਜੀ ਕਾਰਨਾਂ ਦਾ ਹਵਾਲਾ ਦਿੱਤਾ।
ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਨਵੇਂ ਡਾਕਟਰਾਂ ਦੀ ਭਰਤੀ ਪ੍ਰਕਿਰਿਆ ਚੱਲ ਰਹੀ ਹੈ।

- ਡਾਕਟਰ ਰਮਨਦੀਪ,
ਕਾਰਜਕਾਰੀ ਸਿਵਿਲ ਸਰਜਨ

# ਕੈਨੇਡਾ ਦੀ ਫੀਲਡ ਹਾਕੀ ਡਿਵੈਲਪਮੈਂਟ ਟੀਮ 'ਚ ਚਾਰ ਪੰਜਾਬੀ ਮੂਲ ਦੀਆਂ ਖਿਡਾਰਨਾਂ ਸ਼ਾਮਿਲ


ਪਰਮਦੀਪ ਗਿੱਲ | ਪਰਵਾ ਸੰਧੂ | ਪ੍ਰਭਲੀਨ ਗਰੇਵਾਲ | ਬਵਨੀਤ ਹੇਠੀ

ਜਲੰਧਰ, ( ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਜਪਾਨ ਦੇ ਦੌਰੇ 'ਤੇ ਜਾ ਰਹੀ ਕੈਨੇਡਾ ਦੀਆਂ ਕੁੜੀਆਂ ਦੀ ਸੀਨੀਅਰ ਡਿਵੈਲਪਮੈਂਟ ਟੀਮ 'ਚ ਚਾਰ ਪੰਜਾਬੀ ਮੂਲ ਦੀਆਂ ਕੁੜੀਆਂ ਨੂੰ ਥਾਂ ਮਿਲੀ ਹੈ। ਇਸ ਵਿੱਚ ਪਰਮਦੀਪ ਗਿੱਲ, ਪਰਵਾ ਸੰਧੂ, ਪ੍ਰਭਲੀਨ ਗਰੇਵਾਲ ਤੇ ਬਵਨੀਤ ਹੇਠੀ ਨੂੰ ਇਸ ਟੀਮ 'ਚ ਖੇਡਣ ਦਾ ਮੌਕਾ ਮਿਲੇਗਾ। ਇਹ ਐਲਾਨ ਫੀਲਡ ਹਾਕੀ ਕੈਨੇਡਾ ਵਲੋਂ ਕੀਤਾ ਗਿਆ ਤੇ ਇਸ ਟੀਮ 'ਚ 23 ਸਾਲ ਤੋਂ ਘੱਟ ਉਮਰ ਵਰਗ ਦੀਆਂ ਹਾਕੀ ਖਿਡਾਰਨਾਂ ਨੂੰ ਖੇਡਣ ਦਾ ਮੌਕਾ ਮਿਲੇਗਾ ਤਾਂ ਜੋ ਭਵਿੱਖ 'ਚ ਸੀਨੀਅਰ ਟੀਮ ਨੂੰ ਤਿਆਰ ਕਰਨ ਦੀਆਂ ਸੰਭਾਵਨਾਵਾਂ ਨੂੰ ਤਰਾਸ਼ਿਆ ਜਾ ਸਕੇ। ਕੈਨੇਡਾ ਟੀਮ 'ਚ ਬਰੈਂਪਟਨ ਤੋਂ ਗੋਲਕੀਪਰ ਪਰਮਦੀਪ ਗਿੱਲ ਜੋ ਹਾਕੀ ਨੂੰ ਸਮਰਪਿਤ ਪਰਿਵਾਰ ਦੀ ਬੇਟੀ ਹੈ ਤੇ ਇਹ ਕੈਨੇਡਾ ਦੀਆਂ ਨੈਸ਼ਨਲ ਪੱਧਰ ਦੇ ਟੂਰਨਾਮੈਂਟਾਂ ਤੋਂ ਇਲਾਵਾ ਯੂਨੀਵਰਸਿਟੀ ਪੱਧਰ 'ਤੇ ਪਰਮਦੀਪ ਗਿੱਲ ਹਾਕੀ ਖੇਡ ਦਾ ਚੰਗਾ ਵਿਖਾਵਾ ਕਰ ਚੁੱਕੀ ਹੈ ਤੇ ਇਸ ਤੋਂ ਪਹਿਲਾ ਪਰਮਦੀਪ ਨੇ ਸਾਲ 2023 'ਚ ਇੰਡੋਰ ਵਿਸ਼ਵ ਕੱਪ 'ਚ ਕੈਨੇਡਾ ਵਲੋਂ ਹਿੱਸਾ ਲਿਆ ਸੀ। ਪਰਵਾ ਸੰਧੂ ਸਰੀ ਦੇ ਇੰਡੀਆ ਕਲੱਬ ਦੀ ਖਿਡਾਰਨ ਹੈ ਤੇ ਇਹ ਵੀ ਫੀਲਡ ਹਾਕੀ ਨਾਲ ਸਬੰਧਿਤ ਪਰਿਵਾਰ ਨਾਲ ਸਬੰਧ ਰੱਖਦੀ ਹੈ ਤੇ ਪਰਵਾ ਦੀ ਵੱਡੀ ਭੈਣ ਪੂਨਮ ਸੰਧੂ ਤੇ ਪਿਤਾ ਉਲੰਪੀਅਨ ਨਿੱਕ ਸੰਧੂ ਤੋਂ ਹਰ ਖੇਡ ਪ੍ਰੇਮੀ ਜਾਣੂ ਹੈ ਤੇ ਪਰਵਾ ਇਸ ਤੋਂ ਪਹਿਲਾਂ 2023 ਦੇ ਵਿਸ਼ਵ ਕੱਪ 'ਚ ਕੈਨੇਡਾ ਦੀ ਟੀਮ ਵਲੋਂ ਹਿੱਸਾ ਲਿਆ ਸੀ। ਪ੍ਰਭਲੀਨ ਗਰੇਵਾਲ ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਵਲੋਂ ਖੇਡਦੀ ਹੈ ਤੇ ਪ੍ਰਭਲੀਨ ਗਰੇਵਾਲ ਦਾ ਪਰਿਵਾਰਕ ਪਿਛੋਕੜ ਖੇਡਾਂ ਦੇ ਪ੍ਰਸਿੱਧ ਪਿੰਡ ਕਿਲਾ ਰਾਏ ਪੁਰ (ਲੁਧਿਆਣਾ) ਨਾਲ ਹੈ। ਪ੍ਰਭਲੀਨ ਗਰੇਵਾਲ ਨੇ ਸਾਲ 2023 ਕੈਨੇਡਾ ਦੀ ਜੂਨੀਅਰ ਹਾਕੀ ਟੀਮ ਵਲੋਂ ਫਰਾਂਸ ਦਾ ਦੌਰਾ ਕੀਤਾ ਸੀ। ਚੌਥੀ ਖਿਡਾਰਨ ਬਵਨੀਤ ਹੇਠੀ ਸਰੀ ਦੇ ਟਾਈਗਰਜ਼ ਕਲੱਬ ਦੀ ਖਿਡਾਰਨ ਹੈ ਤੇ ਬਵਨੀਤ ਕੈਨੇਡਾ ਦੇ ਨੈਸ਼ਨਲ ਟੂਰਨਾਮੈਂਟਾਂ 'ਚ ਪਿਛਲੇ ਕਈ ਸਾਲਾਂ ਤੋਂ ਸਰਗਰਮ ਹੈ।




# ਏਅਰ ਇੰਡੀਆ ਨੇ ਏਅਰਬੱਸ ਨਾਲ 85 ਹੋਰ ਜਹਾਜ਼ਾਂ ਦਾ ਆਰਡਰ ਦਿੱਤਾ




ਨਵੀਂ ਦਿੱਲੀ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਏਅਰ ਇੰਡੀਆ ਨੇ ਏਅਰਬੱਸ ਨਾਲ 85 ਹੋਰ ਜਹਾਜ਼ਾਂ ਦਾ ਆਰਡਰ ਦਿੱਤਾ ਹੈ, ਕਿਉਂਕਿ ਏਅਰਲਾਈਨ ਸੰਚਾਲਨ ਨੂੰ ਵਧਾਉਣ ਲਈ ਕੰਮ ਕਰ ਰਹੀ ਹੈ। ਸੂਤਰਾਂ ਨੇ ਵੀਰਵਾਰ ਨੂੰ ਦੱਸਿਆ ਕਿ 85 ਹਵਾਈ ਜਹਾਜ਼ਾਂ 'ਚੋਂ 74 ਨੈਰੋ-ਬਾਡੀ ਏ320 ਫੈਮਿਲੀ ਏਅਰਕ੍ਰਾਫਟ ਤੇ 10 ਵਾਈਡ ਬਾਡੀ ਏ350 ਜਹਾਜ਼ ਹਨ। ਬੁੱਧਵਾਰ ਨੂੰ ਇੱਕ ਅਪਡੇਟ ਵਿਚ, ਏਅਰਬੱਸ ਨੇ ਕਿਹਾ ਕਿ ਉਸਨੂੰ ਇਸ ਸਾਲ ਸਤੰਬਰ ਤੱਕ 667 ਜਹਾਜ਼ਾਂ ਦੇ ਆਰਡਰ ਮਿਲੇ ਹਨ। ਉਨ੍ਹਾਂ ਵਿਚੋਂ, 5 ਸਤੰਬਰ ਨੂੰ 85 ਜਹਾਜ਼ਾਂ ਲਈ ਆਰਡਰ ਪ੍ਰਾਪਤ ਹੋਇਆ ਸੀ। ਏਅਰਲਾਈਨ ਦੇ ਨਾਂਅ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਇਹ ਹੁਕਮ ਏਅਰ ਇੰਡੀਆ ਦਾ ਸੀ।

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫੋਰਬਸ ਦੀ ਸੂਚੀ ਵਿੱਚ ਮੁਕੇਸ਼ ਅੰਬਾਨੀ ਚੋਟੀ 'ਤੇ



ਨਵੀਂ ਦਿੱਲੀ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ (ਸੀ.ਐਮ.ਡੀ.) ਮੁਕੇਸ਼ ਅੰਬਾਨੀ ਨੇ 2024 ਵਿੱਚ ਫੋਰਬਸ ਦੀ 100 ਸਭ ਤੋਂ ਅਮੀਰ ਭਾਰਤੀ ਉਦਯੋਗਪਤੀਆਂ ਦੀ ਸੂਚੀ ਵਿੱਚ ਆਪਣਾ ਚੋਟੀ ਦਾ ਸਥਾਨ ਬਰਕਰਾਰ ਰੱਖਿਆ ਹੈ। ਇਸ ਸਾਲ ਦੇਸ਼ ਦੇ ਚੋਟੀ ਦੇ 100 ਸਭ ਤੋਂ ਅਮੀਰ ਲੋਕਾਂ ਦੀ ਕੁੱਲ ਸੰਪਤੀ ਪਹਿਲੀ ਵਾਰ ਇਕ ਟ੍ਰਿਲੀਅਨ ਡਾਲਰ ਦੇ ਪੱਧਰ ਨੂੰ ਪਾਰ ਕਰ ਗਈ ਹੈ। ਮੁਕੇਸ਼ ਅੰਬਾਨੀ ਡਾਲਰ ਦੇ ਹਿਸਾਬ ਨਾਲ ਮੁਨਾਫਾ ਕਮਾਉਣ ਵਿਚ ਦੂਜੇ ਸਥਾਨ 'ਤੇ ਰਹੇ। ਪਿਛਲੇ ਇੱਕ ਸਾਲ ਵਿੱਚ ਉਨ੍ਹਾਂ ਦੀ ਜਾਇਦਾ 27.5 ਅਰਬ ਡਾਲਰ ਵੱਧ ਕੇ 119.5 ਅਰਬ ਡਾਲਰ ਹੋ ਗਈ ਹੈ। ਇਸ ਸਾਲ ਅੰਬਾਨੀ ਨੇ ਰਿਲਾਇੰਸ ਨਿਵੇਸ਼ਕਾਂ ਲਈ ਦਿਵਾਲੀ ਦੇ ਤੋਹਫੇ ਵਜੋਂ ਬੋਨਸ ਸ਼ੇਅਰਾਂ ਦਾ ਐਲਾਨ ਕਰਨ ਤੇ ਆਪਣੇ ਛੋਟੇ ਬੇਟੇ ਅਨੰਤ ਦੇ ਵਿਆਹ ਦਾ ਜਸ਼ਨ ਮਨਾਉਣ ਲਈ ਸੁਰਖੀਆਂ ਬਟੋਰੀਆਂ। ਫੋਰਬਸ ਮੈਗਜ਼ੀਨ ਨੇ 9ਅਕਤੂਬਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਕਿ ਇਸ ਸਮੇਂ ਮੁਕੇਸ਼ ਅੰਬਾਨੀ ਦੀ ਕੁੱਲ ਜਾਇਦਾਦ 108.3 ਬਿਲੀਅਨ ਡਾਲਰ ਹੈ। ਜਿਸ ਨਾਲ ਉਹ ਦੁਨੀਆਂ ਦੇ 13ਵੇਂ ਸਭ ਤੋਂ ਅਮੀਰ ਵਿਅਕਤੀ ਹਨ। ਵਰਣਨਯੋਗ ਹੈ ਕਿ ਫੋਰਬਸ ਦੀ 2024 ਦੀ ਅਮੀਰ ਸੂਚੀ ਵਿੱਚ ਚੋਟੀ ਦੇ 100 ਲੋਕਾਂ ਦੀ ਕੁੱਲ ਸੰਪਤੀ ਇਕ ਟ੍ਰਿਲੀਅਨ ਡਾਲਰ ਦੇ ਇਤਿਹਾਸਕ ਪੱਧਰ ਨੂੰ ਪਾਰ ਕਰ ਗਈ ਹੈ।



# BRAMPTON CASH AND CARRY

WHOLESALER | IMPORTER
DISTRIBUTOR | RETAILER

Wholesaler, Importer, Distributor & Retailer of Restaurants Supply








BRAMPTON CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

GRAND OPENING
BRAMPTON CASH AND CARRY
18 | 19 | 20
OCTOBER, 2024
OPEN EVERYDAY FROM
9:00 AM TO 9:00 PM
CONTACT
+1 (204) 560-7111
ADDRESS:-
1315 INKSTER BLVD, WINNIPEG MB
BRAMPTON CASH & CARRY
IMPORTER | WHOLESALER | RETAILER

AASHIRVAAD
AASHIRVAAD ATTA
Weight
20 Pond
Price
$12.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

I am Sorry !!!!!


AAPKI PASAND AAPKA SWAAD
DURUM CHAKKI
ATTA
आटा
ਆਟਾ
Aapki
PASAND
AAPKA SWAAD
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA


MS INSURANCE
Secure your trust & life
RAJAT GUPTA
INSURANCE ADVISOR
416-427-8585
www.ms-insurance.ca
rajatgupta2299@gmail.com
Unit 27-90 Eastern Ave, Brampton, ON, L6W 1X9


INSURANCE BENEFITS
visa
SUPER VISA
VISITOR VISA
RESP, TFSA
MORTGAGE INSURANCE
TEHAL SINGH BRAR
LIVING BENEFITS ADVISOR
+(905)-782-2013
www.royalshieldgroup.com
tehalbrarcanada@gmail.com


AAPKI PASANDA ATTA
$9.99
Weight 20LB
LAYALPUR ATTA BISCUIT
$11.99
BEST FOOD RUSK
2 FOR
$5
SHER ATTA
$13.49
Weight 20LB
DAHI MODHANI
$2.49
Weight 750gm
DAHI MODHANI
$9.99
Weight 2kg
RAJDHANI MUSTARD OIL
$19.99
Weight 5L
RAJDHANI MUSTARD OIL
$8.49
Weight 2L
BROWN SUGAR
$9.99
Weight 11LB
WHITE ONION
$17.99
Weight 50LB
RED ONION
$18.99
Weight 25LB
RED ONION
$7.99
Weight 10LB
TOMATO
$0.99
Weight 1LB
GREEN PEPPERS
$0.99
Weight 1LB
INDIA GATE HARROZ RICE
$7.99
Weight 8LB
RED LABEL TEA
$9.99
Weight 900gm
CAPRI VEGET-ABLE OIL
$32.99
Weight 16L
PLASTIC GLASS (7 oz)
$2.99
50pcs
6 COMPARTMENT THALI CAN GREEN
$7.99
40pcs
SPOON/FORK
$13.99
1000pcs
MAGGI MASALA NOODLES
3 for $1
QUALITY BASMATI RICE
$32
Weight 40LB
ULTRA PUEMIUM TOILET ROLL
$6.99
12 ROLLS
APKI PASAND GOLGAPA
$3.99
TABLEWARE CUTLERY KIT
$7.99
WALNUTS HALVES
$3.99
Weight 1LB
AAPKI PASAND COOKIES
$3.99
Weight 2.2LB
COULI FLOWER
$1.99
BRAR BESAN
$3.99
Weight 4LB
KHUSHBOO RICE
$9.99
Weight 10LB
ORGANIC PEARL RICE
$9.98
Weight 10LB
MODHANI PANEER
$4.99
Weight 354gm
OPEN EVERYDAY FROM 9:00 AM TO 9:00 PM
BRAMPTON CASH & CARRY
IMPORTER | WHOLESALER | RETAILER
CONTACT:-
+1 (204) 560-7111
ADDRESS:- 1315 INKSTER BLVD, WINNIPEG MB

# ਤਣਾਅ ਕਾਰਨ ਹਰ ਸਾਲ 1200 ਕਰੋੜ ਕੰਮਕਾਜੀ ਦਿਨ ਬਰਬਾਦ: WHO



ਨਵੀਂ ਦਿੱਲੀ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਵਿਸ਼ਵ ਮਾਨਸਿਕ ਸਿਹਤ ਦਿਵਸ 'ਤੇ WHO ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਡਿਪਰੈਸ਼ਨ ਅਤੇ ਚਿੰਤਾ ਕਾਰਨ ਹਰ ਸਾਲ 1200 ਕਰੋੜ ਕੰਮਕਾਜੀ ਦਿਨ ਖਤਮ ਹੋ ਰਹੇ ਹਨ। WHO ਨੇ ਕਿਹਾ ਹੈ ਕਿ ਵਿਸ਼ਵ ਮਾਨਸਿਕ ਸਿਹਤ ਦਿਵਸ ਦਾ ਵਿਸ਼ਾ 'ਕੰਮ 'ਤੇ ਮਾਨਸਿਕ ਸਿਹਤ' ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ, ਕਿਉਂਕਿ ਇੱਕ ਸਿਹਤਮੰਦ ਕੰਮ ਕਰਨ ਵਾਲਾ ਵਾਤਾਵਰਣ ਮਾਨਸਿਕ ਤੰਦਰੁਸਤੀ ਲਈ ਇੱਕ ਸੁਰੱਖਿਆ ਢਾਲ ਵਜੋਂ ਕੰਮ ਕਰ ਸਕਦਾ ਹੈ। ਦੱਖਣ-ਪੂਰਬੀ ਏਸ਼ੀਆ ਲਈ ਡਬਲਯੂਐਚਓ ਦੇ ਖੇਤਰੀ ਨਿਰਦੇਸ਼ਕ, ਸਾਇਮਾ ਵਾਜੇਦ ਨੇ ਕਿਹਾ ਕਿ ਇਕੱਲੇ ਉਦਾਸੀ ਅਤੇ ਚਿੰਤਾ ਕਾਰਨ ਹਰ ਸਾਲ 1.2 ਬਿਲੀਅਨ ਕੰਮਕਾਜੀ ਦਿਨ ਖਤਮ ਹੋ ਜਾਂਦੇ ਹਨ, ਜਿਸ ਨਾਲ ਵਿਸ਼ਵ ਅਰਥਵਿਵਸਥਾ ਨੂੰ ਸਾਲਾਨਾ 1 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਕੰਮ ਵਾਲੀ ਥਾਂ 'ਤੇ ਮਾਨਸਿਕ ਸਿਹਤ ਬਹੁਤ ਜ਼ਰੂਰੀ ਹੈ। ⇨8® ਨੇ ਤਣਾਅ ਦੇ ਕਾਰਨਾਂ ਦਾ ਜ਼ਿਕਰ ਕੀਤਾ ਹੈ ਅਤੇ ਇਸ ਨੂੰ ਦੂਰ ਕਰਨ ਲਈ ਸੁਝਾਅ ਵੀ ਦਿੱਤੇ ਹਨ।

## ਬਿਮਾਰੀਆਂ ਵੀ ਵਧੀਆਂ: ਜਾਰਜ

ਇੰਸਟੀਚਿਊਟ ਫਾਰ ਗਲੋਬਲ ਹੈਲਥ ਦੇ ਅਨੁਸਾਰ, ਕੰਮ ਵਾਲੀ ਥਾਂ 'ਤੇ ਤਣਾਅ ਵਧਦੀ ਚਿੰਤਾ ਹੈ। ਤਣਾਅ ਅਕਸਰ ਮਾਨਸਿਕ ਸਿਹਤ ਸਮੱਸਿਆਵਾਂ ਜਿਵੇਂ ਡਿਪਰੈਸ਼ਨ ਅਤੇ ਚਿੰਤਾ ਨਾਲ ਜੁੜਿਆ ਹੁੰਦਾ ਹੈ, ਜਿਸ ਨਾਲ ਸਰੀਰਕ ਸਮੱਸਿਆਵਾਂ ਵੀ ਹੁੰਦੀਆਂ ਹਨ। ਤਣਾਅ ਦੇ ਕਾਰਨ ਸ਼ੂਗਰ ਅਤੇ ਸ਼ੂਗਰ ਵਰਗੀਆਂ ਸਰੀਰਕ ਸਮੱਸਿਆਵਾਂ ਹੋਣ ਦੀ ਸੰਭਾਵਨਾ ਹੈ। ਸੰਸਥਾ ਦਾ ਕਹਿਣਾ ਹੈ ਕਿ ਕਰਮਚਾਰੀਆਂ ਦੀ ਮਾਨਸਿਕ ਸਿਹਤ ਨੂੰ ਸੁਧਾਰਨ ਲਈ ਸਰਗਰਮ ਕਦਮ ਚੁੱਕੇ ਜਾਣੇ



ਚਾਹੀਦੇ ਹਨ। ਸਿਹਤ ਗਤੀਵਿਧੀਆਂ ਦਾ ਆਯੋਜਨ, ਦਫ਼ਤਰ ਵਿੱਚ ਸਿਹਤਮੰਦ ਫਲਾਂ ਦੇ ਸਨੈਕਸ ਪ੍ਰਦਾਨ ਕਰਨਾ, ਰੁੱਖ ਲਗਾਉਣਾ, ਰੋਸ਼ਨੀ ਵਿੱਚ ਸੁਧਾਰ ਕਰਨਾ, ਸ਼ਾਂਤਮਈ ਮਾਹੌਲ ਬਣਾਉਣਾ,

ਸਮਾਜਿਕ ਇਕੱਠ, ਪਿਕਨਿਕ ਨੂੰ ਉਤਸ਼ਾਹਿਤ ਕਰਨਾ, ਟੀਮ ਬਣਾਉਣ ਦੀਆਂ ਗਤੀਵਿਧੀਆਂ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਕਰਮਚਾਰੀਆਂ ਦੀ ਸਿਹਤ ਦੀ ਜਾਂਚ ਲਈ ਕੈਂਪ ਲਗਾਏ ਜਾਣ ਅਤੇ ਫੀਡਬੈਕ ਸੈਸ਼ਨ ਵੀ ਆਯੋਜਿਤ ਕੀਤੇ ਜਾਣ।

ਟੈਲੀ ਮਾਨਸ ਦੇ ਦੋ ਸਾਲ ਪੂਰੇ ਐਪ ਅਤੇ ਵੀਡੀਓ ਕਾਲ ਫੈਸਿਲਿਟੀ ਵੀ ਸ਼ੁਰੂ
ਅਰਾਧਨਾ ਪਟਨਾਇਕ, ਵਧੀਕ ਸਕੱਤਰ ਸਿਹਤ ਮੰਤਰਾਲੇ ਨੇ ਭਾਰਤ ਵਿੱਚ ਡਬਲਯੂਐਚਓ ਦੇ ਪ੍ਰਤੀਨਿਧੀ ਡਾ. ਰੋਡਰਿਕੋ ਐਚ. ਆਫਰਿਨ ਦੀ ਮੌਜੂਦਗੀ ਵਿੱਚ ਨਵੀਆਂ ਸਹੂਲਤਾਂ ਦੀ ਸ਼ੁਰੂਆਤ ਕੀਤੀ ਹੈ। ਟੈਲੀ ਮਾਨਸ 'ਤੇ ਪ੍ਰਾਪਤ ਹੋਈਆਂ ਜ਼ਿਆਦਾਤਰ ਕਾਲਾਂ ਉਦਾਸ ਮੂਡ, ਨੀਂਦ ਨਾ ਆਉਣ ਦੀ ਸਮੱਸਿਆ, ਨੀਂਦ ਪੈਟਰਨ ਵਿੱਚ ਬਦਲਾਅ, ਤਣਾਅ ਨਾਲ ਸਬੰਧਤ ਕਾਲ, ਪ੍ਰੀਖਿਆ ਨਾਲ ਸਬੰਧਿਤ ਚਿੰਤਾਵਾਂ, ਚਿੰਤਾ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਹਨ। ਟੈਲੀ ਮਾਨਸ ਐਪ ਵਿੱਚ ਸੈਲਫ ਕੇਅਰ, ਡਿਪਰੈਸ਼ਨ ਦੇ ਸੰਕੇਤਾਂ ਨੂੰ ਪਹਿਚਾਣਨਾ, ਤਨਾਅ, ਚਿੰਤਾ ਅਤੇ ਭਾਵਨਾਤਮਕ ਸੰਘਰਸ਼ ਦੇ ਸ਼ੁਰੂਆਤੀ ਲੱਛਣਾਂ ਦੇ ਬਾਰੇ ਵਿੱਚ ਦੱਸਿਆ ਗਿਆ।

## WHO ਦੇ ਸੁਝਾਅ 'ਤੇ ਕੀ ਕੰਮ ਕਰਨਗੀਆਂ ਕੰਪਨੀਆਂ ?

ਕੰਮ ਵਾਲੀ ਥਾਂ 'ਤੇ ਤਣਾਅ ਨੂੰ ਲੈ ਕੇ WHO ਵੱਲੋਂ ਪ੍ਰਗਟਾਈ ਚਿੰਤਾ ਪੂਰੀ ਦੁਨੀਆ ਦਾ ਦਰਦ ਹੈ।




ਹਾਲਾਂਕਿ WHO ਨੇ ਆਪਣੀ ਰਿਪੋਰਟ 'ਚ ਇਸ ਤਣਾਅ ਨੂੰ ਦੂਰ ਕਰਨ ਲਈ ਕੰਪਨੀਆਂ ਨੂੰ ਕਈ ਸੁਝਾਅ ਵੀ ਦਿੱਤੇ ਹਨ, ਜੇਕਰ ਇਸ 'ਤੇ ਕੰਮ ਕੀਤਾ ਜਾਵੇ ਤਾਂ ਇਸ ਤਣਾਅ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਨਾਲ ਹੀ ਕਰਮਚਾਰੀਆਂ ਦੀ ਰਚਨਾਤਮਕਤਾ ਨੂੰ ਵੀ ਵਧਾਇਆ ਜਾ ਸਕਦਾ ਹੈ। ਹਾਲ ਹੀ ਵਿੱਚ, 5✦ ਪੂਣੇ ਦੀ ਕਰਮਚਾਰੀ ਅਨਾ ਸੇਬੇਸਟੀਅਨ ਪਰਿਲ ਦਾ ਮਾਮਲਾ ਸੁਰਖੀਆਂ ਵਿੱਚ ਸੀ ਅਤੇ ਉਸ ਤੋਂ ਬਾਅਦ ਕੰਮ ਵਾਲੀ ਥਾਂ 'ਤੇ ਤਣਾਅ ਅਤੇ ਕੰਮ ਦੇ ਬੋਝ ਨੂੰ ਲੈ ਕੇ ਦੇਸ਼ ਵਿੱਚ ਬਹਿਸ ਛਿੜ ਗਈ ਸੀ। ਸਰਕਾਰ ਤੋਂ ਲੈ ਕੇ ਵਿਰੋਧੀ ਧਿਰ ਤੱਕ ਸਾਰਿਆਂ ਨੇ ਇਸ ਸਮੱਸਿਆ ਵੱਲ ਧਿਆਨ ਦਿੱਤਾ। ਹੁਣ ⇨8® ਨੇ ਵੀ ਕਈ ਸੁਝਾਅ ਦਿੱਤੇ ਹਨ, ਜਿਸ ਕਾਰਨ ਇਸ ਦਿਸ਼ਾ 'ਚ ਸੁਧਾਰ ਦੀ ਉਮੀਦ ਹੈ।

## ਐਪ ਦਾ ਕੀ ਲਾਭ ਹੋਵੇਗਾ

ਇਸ ਐਪ ਦੀ ਵਰਤੋਂ ਕਰਨ ਨਾਲ ਲੋਕਾਂ ਨੂੰ ਮਾਨਸਿਕ ਚੁਣੌਤੀਆਂ, ਖੇਡਾਂ ਅਤੇ ਦਿਮਾਗੀ ਅਭਿਆਸ ਦੁਆਰਾ ਚਿੰਤਾ ਨੂੰ ਦੂਰ ਕਰਨ ਵਿੱਚ ਮਦਦ ਮਿਲਦੀ ਹੈ। ਐਪ ਨੂੰ ਯੂਜ਼ਰ ਫ ?ਰੈਂਡਲੀ ਬਣਾਇਆ ਗਿਆ ਹੈ। ਜੇਕਰ ਲੋੜ ਹੋਵੇ ਤਾਂ ਐਪ ਰਾਹੀਂ 24 ਘੰਟੇ ਕਿਸੇ ਵੀ ਸਮੇਂ ਸਿਖਲਾਈ ਪ੍ਰਾਪਤ ਕਾਉਂਸਲਰ ਤੋਂ ਮਦਦ ਲਈ ਜਾ ਸਕਦੀ ਹੈ ਅਤੇ ਇਸ ਲਈ ਕੋਈ ਫੀਸ ਨਹੀਂ ਲਈ ਜਾਵੇਗੀ।

ਟੈਲੀ ਮਾਨਸ 'ਚ ਪਹਿਲਾਂ ਹੀ ਆਡੀਓ ਕਾਲਿੰਗ ਦੀ ਸਹੂਲਤ ਸੀ ਪਰ ਹੁਣ ਵੀਡੀਓ ਕਾਲ ਦੀ ਸੁਵਿਧਾ ਵੀ ਹੈ। ਐਪ ਰਾਹੀਂ ਲੋਕ ਵੀਡੀਓ ਕਾਲ ਰਾਹੀਂ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਦਾ ਹੱਲ ਪ੍ਰਾਪਤ ਕਰ ਸਕਣਗੇ। ਫਿਲਹਾਲ ਇਹ ਸਹੂਲਤ ਕਰਨਾਟਕ, ਜੰਮੂ-ਕਸ਼ਮੀਰ ਅਤੇ ਤਾਮਿਲਨਾਡੂ 'ਚ ਸ਼ੁਰੂ ਕੀਤੀ ਗਈ ਹੈ। ਟੈਲੀ ਮਾਨਸ 'ਤੇ ਦੋ ਸਾਲਾਂ ਵਿੱਚ 14.5 ਲੱਖ ਤੋਂ ਵੱਧ ਕਾਲਾਂ ਆਈਆਂ ਹਨ।




